ਇਤਿਹਾਸ ਅਕਸਰ ਦੁਹਰਾਇਆ ਜਾਂਦਾ ਹੈ। ਭੂਤ ਦੇ ਚਿੰਨ੍ਹ ਕਦਮਾਂ ਤੇ ਹੀ ਭਵਿੱਖ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਥੇ ਦਰਜ ਲੇਖ, ਵਿਚਾਰ ਅਤੇ ਟਿਪਣੀਆਂ ਸਾਨੂੰ ਆਪਣੇ ਬੀਤੇ ਇਤਿਹਾਸ ਦੀਆਂ ਘਟਨਾਵਾਂ ਨੂੰ ਸਮਝਣ ਅਤੇ ਪੜਚੋਲਣ ਲਈ ਅਤੇ ਕੌਮ ਦੇ ਆਉਣ ਵਾਲਿਆਂ ਮਸਲਿਆਂ ਨੂੰ ਸੁਹਿਰਦਤਾ ਅਤੇ ਦ੍ਰਿੜਤਾ ਨਾਲ ਨਿਪਟਣ ਲਈ ਸੇਧ ਦੇ ਸਕਦੀਆਂ ਹਨ।

'ਜ਼ਫ਼ਰਨਾਮਾ' ਵਿਚ ਚਮਕੌਰ ਦੀ ਜੰਗ ਦਾ ਵੇਰਵਾ

ਡਾ. ਹਰਚੰਦ ਸਿੰਘ ਸਰਹਿੰਦੀ
92178-45812

'ਜ਼ਫ਼ਰਨਾਮਾ' ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਫ਼ਾਰਸੀ ਸ਼ਿਅਰਾਂ ਵਿਚ ਲਿਖੀ ਹੋਈ ਇਕ ਚਿੱਠੀ ਹੈ। ਇਸ ਦਾ ਹਰ ਇਕ ਸ਼ਿਅਰ, ਅਣਖ, ਸਵੈਮਾਨ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ। 'ਜ਼ਫ਼ਰਨਾਮਾ' ਉਹ ਮਹਾਨ ਵਿਜੈ-ਪੱਤਰ ਹੈ, ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਆਪਣੀ ਹਾਰ ਮੰਨ ਲਈ ਸੀ। ਕਹਿੰਦੇ ਹਨ, ਇਹ ਖ਼ਤ ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਵਿਖਾਇਆ। ਇਹ ਚਿੱਠੀ ਫ਼ਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦੀ ਹੈ। ਇਹ ਚਿੱਠੀ ਔਰੰਗਜ਼ੇਬ ਨੂੰ ਸ਼ਰਮਸਾਰ ਹੀ ਨਹੀਂ ਕਰਦੀ, ਬਲਕਿ ਉਸ ਦੇ 'ਕੱਦ' ਨੂੰ ਵੀ ਬੌਣਾ ਬਣਾਉਂਦੀ ਹੈ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ 'ਈਮਾਂ ਫ਼ਿਕਨ' ਭਾਵ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਖ਼ੈਰ! ਇਹ ਇਕ ਵੱਖਰਾ ਵਿਸ਼ਾ ਹੈ।

ਕੁਝ ਘਟਨਾਵਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਦਾ ਦੁਖਾਂਤ ਸਮੁੱਚੀ ਕੌਮ ਦਾ ਦੁਖਾਂਤ ਹੋ ਨਿੱਬੜਦਾ ਹੈ ਅਤੇ ਉਸ ਦੁਖਾਂਤ ਨਾਲ ਹੋਏ ਜ਼ਖ਼ਮ ਹਮੇਸ਼ਾ ਰਿਸਦੇ ਰਹਿੰਦੇ ਹਨ, ਹਰੇ ਰਹਿੰਦੇ ਹਨ। ਸਾਕਾ ਚਮਕੌਰ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਅਦੁੱਤੀ ਸ਼ਹਾਦਤ ਦੀ ਘਟਨਾ) ਵੀ ਇਕ ਅਜਿਹਾ ਹੀ ਦੁਖਾਂਤ ਹੈ, ਜਿਸ ਨੂੰ ਉਸ ਸਮੇਂ ਸਮੁੱਚੀ ਕੌਮ ਨੇ ਹੰਢਾਇਆ (ਤੇ ਇਕ ਤਰ੍ਹਾਂ ਨਾਲ ਅੱਜ ਵੀ ਹੰਢਾਅ ਰਹੀ ਹੈ)। ਰੌਂਗਟੇ ਖੜ੍ਹੇ ਕਰ ਦੇਣ ਵਾਲੀ ਇਸ ਮੰਦਭਾਗੀ ਘਟਨਾ ਨੇ ਸਿੱਖ ਸਮਾਜ ਨੂੰ ਗ਼ਮਾਂ ਦੇ ਡੂੰਘੇ ਸਮੁੰਦਰ ਵਿਚ ਡੁਬੋ ਦਿੱਤਾ। ਸਿੱਖ ਮਾਨਸਿਕਤਾ ਲਹੂ-ਲੁਹਾਣ ਹੋ ਗਈ।

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬ ਅਡੋਲ ਰਹੇ ਪਰ ਇਹ ਘਟਨਾ ਉਨ੍ਹਾਂ ਦੇ ਦਿਲ 'ਤੇ ਡੂੰਘੀ ਉੱਕਰੀ ਗਈ। ਇਹੋ ਕਾਰਨ ਹੈ ਕਿ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿਚ ਪਹਿਲੀ ਵਾਰ ਜ਼ੁਲਮ-ਜਬਰ ਤੇ ਤਕੱਬਰ ਵਿਰੁੱਧ ਤਲਵਾਰ ਉਠਾਉਣ ਲਈ ਲਲਕਾਰ ਕੇ ਆਖਿਆ :

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਇਸ ਤਰ੍ਹਾਂ ਸ਼ਹਾਦਤ ਦੀ ਇਸ ਬੇਨਜ਼ੀਰ ਘਟਨਾ ਨੇ ਸਿੱਖ ਸੋਚ ਤੇ ਫ਼ਲਸਫ਼ੇ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਹਥਲੇ ਲੇਖ ਵਿਚ 'ਚਮਕੌਰ ਦੀ ਗੜ੍ਹੀ ਦੀ ਕਹਾਣੀ' ਨੂੰ ਕੇਵਲ 'ਜ਼ਫ਼ਰਨਾਮਾ' ਦੀ ਰੌਸ਼ਨੀ ਵਿਚ ਹੀ ਵੇਖਿਆ ਤੇ ਵਿਚਾਰਿਆ ਜਾਵੇਗਾ। ਗੁਰੂ ਸਾਹਿਬ ਨੇ ਆਪਣੇ ਇਸ ਵਿਜੈ-ਪੱਤਰ ਵਿਚ ਚਮਕੌਰ ਦੀ ਜੰਗ ਦਾ ਬੜੀ ਬਾਰੀਕੀ ਨਾਲ ਵਰਨਣ ਕੀਤਾ ਹੈ। ਗੁਰੂ ਸਾਹਿਬ ਵੱਲੋਂ ਪੇਸ਼ ਕੀਤੀ ਜੰਗ ਦੀ ਇਹ ਇਤਿਹਾਸਕ ਝਾਕੀ ਬੇਮਿਸਾਲ ਹੈ ਅਤੇ ਚਮਕੌਰ ਦੀ ਜੰਗ ਦੀ ਗੁਰੂ ਗੋਬਿੰਦ ਸਿੰਘ ਦੀ ਜ਼ਬਾਨੀ ਚਸ਼ਮਦੀਦ ਗਵਾਹੀ ਭਰਦੀ ਹੈ।

ਚਮਕੌਰ ਦੀ ਜੰਗ ਬਰਾਬਰ ਦੀ ਚੋਟ ਨਹੀਂ ਸੀ। ਦੋਵੇਂ ਵਿਰੋਧੀ ਦਲਾਂ ਦੀ ਨਫ਼ਰੀ ਵਿਚ ਜ਼ਮੀਂ-ਅਸਮਾਨ ਦਾ ਫ਼ਰਕ ਸੀ-ਇਕ ਪਾਸੇ ਥੱਕੇ-ਟੁੱਟੇ ਤੇ ਭੁੱਖਣ-ਭਾਣੇ ਚਾਲੀ ਸਿੰਘ ਅਤੇ ਦੂਜੇ ਪਾਸੇ ਟਿੱਡੀ ਦਲ ਮੁਗ਼ਲ ਫ਼ੌਜ। ਇਸ ਅਤੁਲਵੇਂ ਯੁੱਧ ਦਾ ਜ਼ਿਕਰ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ 'ਜ਼ਫ਼ਰਨਾਮਾ' ਵਿਚ ਲਿਖਿਆ ਹੈ :

ਗੁਰਸਨਾ : ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਯਦ ਬਰੂ ਬੇਖ਼ਬਰ।

ਭਾਵ ਭੁੱਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ (ਅਣਗਿਣਤ) ਫ਼ੌਜ ਟੁੱਟ ਪਵੇ। ਗੁਰੂ ਸਾਹਿਬ ਇਸੇ ਗੱਲ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਲਿਖਦੇ ਹਨ :

ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ।
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।

ਭਾਵ ਆਖ਼ਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ। ਗੁਰੂ ਸਾਹਿਬ ਨੇ ਟਿੱਡੀ ਦਲ ਮੁਗ਼ਲ ਫ਼ੌਜ ਵੱਲੋਂ ਕੀਤੇ ਭਰਵੇਂ ਹੱਲੇ ਦਾ ਬੜੀ ਖ਼ੂਬਸੂਰਤੀ ਨਾਲ ਜ਼ਿਕਰ ਕੀਤਾ ਹੈ। ਸ਼ਿਅਰ ਹਾਜ਼ਰ ਹੈ :

ਬਰੰਗਿ ਮਗਸ ਸਯਾਹ-ਪੋਸ਼ ਆਮਦੰਦ।
ਬ: ਯਕ-ਬਾਰਗੀ ਦਸ ਖ਼ਰੋਸ਼ ਆਮਦੰਦ।

ਭਾਵ ਤੇਰੀ ਕਾਲੀ ਪੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ।

ਆਓ ਹੁਣ ਵੇਖੀਏ ਕਿ ਗੁਰੂ ਸਾਹਿਬ ਨੇ ਜੰਗ ਦੇ ਦ੍ਰਿਸ਼ਾਂ ਨੂੰ ਆਪਣੀ ਕਲਮ ਵਿਚ ਕਿਵੇਂ ਢਾਲਿਆ ਹੈ। ਗੁਰੂ ਸਾਹਿਬ ਲਿਖਦੇ ਹਨ ਕਿ ਤੇਰੀ ਫ਼ੌਜ ਦੇ ਜਰਨੈਲ ਤੇ ਸਿਪਾਹੀ ਦੀਵਾਰ ਦੀ ਓਟ ਲਈ ਆਪਣੀ ਜਾਨ ਦੀ ਖ਼ੈਰ ਮੰਗਦੇ ਰਹੇ :

ਕਿ ਬੇਰੂੰ ਨਯਾਮਦ ਕਸੇ ਜ਼ਾਂ ਦੀਵਾਰ।
ਨ ਖ਼ੁਰਦੰਦ ਤੀਰੋ ਨਾ ਗਸ਼ਤੰਦ ਖ਼੍ਵਾਰ।

ਭਾਵ ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖ਼ੁਆਰ ਹੋਏ।

ਅਤੇ

ਹਮ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ।
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ।

ਭਾਵ ਜੋ ਵੀ ਕੋਈ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਲਹੂ ਵਿਚ ਗ਼ਰਕ ਹੋ ਗਿਆ।

ਗੁਰੂ ਸਾਹਿਬ, ਮੁਗ਼ਲ ਫ਼ੌਜ ਦੇ ਇਕ ਫ਼ੌਜਦਾਰ, ਨਾਹਰ ਖ਼ਾਂ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾਉਣ ਦੇ ਦ੍ਰਿਸ਼ ਨੂੰ ਇਉਂ ਚਿਤਰਦੇ ਹਨ :

ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ।
ਚਸ਼ੀਦ : ਯਕੇ ਤੀਰਿ ਮਨ ਬੇਦਰੰਗ।

ਭਾਵ ਜਦ ਮੈਂ ਨਾਹਰ ਖ਼ਾਂ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫ਼ੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ, ਅਰਥਾਤ, ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ। ਆਪਣੇ-ਆਪ ਨੂੰ ਬਹਾਦਰ ਅਖਵਾਉਣ ਵਾਲੇ ਕੁਝ ਪਠਾਣਾਂ ਦੇ ਰਣਭੂਮੀ ਤੋਂ ਭੱਜ ਜਾਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਹਮਾਖ਼ਿਰ ਗੁਰੇਜ਼ੰਦ ਬਜਾਇ ਮਸਾਫ਼।
ਬਸੇ ਖ਼ਾਨਾਂ ਖ਼ੁਰਦੰਦ, ਬੇਰੂੰ ਗੁਜ਼ਾਫ਼।

ਭਾਵ ਅਖ਼ੀਰ ਨੂੰ ਉਹ ਪਠਾਣ ਜੋ ਬਾਹਰ ਖੜੋਤੇ ਸ਼ੇਖ਼ੀਆਂ ਪਏ ਮਾਰਦੇ ਸਨ, ਰਣਭੂਮੀ ਤੋਂ ਭੱਜ ਗਏ।

ਗੁਰੂ ਸਾਹਿਬ ਨੇ ਜਿਥੇ ਬੁਜ਼ਦਿਲ ਪਠਾਣਾਂ ਦਾ ਜ਼ਿਕਰ ਕੀਤਾ ਹੈ, ਉਥੇ ਇਕ ਪਠਾਣ ਜਰਨੈਲ ਵੱਲੋਂ ਬਹਾਦਰੀ ਨਾਲ ਹਮਲੇ ਕਰਨ ਦਾ ਵੀ ਉਚੇਚੇ ਤੌਰ 'ਤੇ ਵਰਨਣ ਕੀਤਾ ਹੈ। ਲਓ, ਸ਼ਿਅਰ ਮੁਲਾਹਜ਼ਾ ਫ਼ਰਮਾਓ :

ਕਿ ਅਫ਼ਗਾਨਿ ਦੀਗਰ ਬਯਾਮਦ ਬਜੰਗ।
ਚੁ ਸੈਲਿ ਰਵਾਂ ਹਮਚੁ ਤੀਰੋ ਤੁਫ਼ੰਗ।

ਭਾਵ ਇਸ ਪਿੱਛੋਂ ਇਕ ਹੋਰ ਪਠਾਣ ਤੇਜ਼ ਹੜ੍ਹ ਵਾਂਗ ਤੇ ਤੀਰ ਤੁਫ਼ੰਗ (ਭਾਵ ਬੰਦੂਕ ਦੀ ਗੋਲੀ) ਵਾਂਗ ਲੜਨ ਲਈ ਅੱਗੇ ਆਇਆ (ਸ਼ਾਇਦ, ਇਹ ਜ਼ਫ਼ਰਬੇਗ ਵੱਲ ਸੰਕੇਤ ਹੈ)। ਗੁਰੂ ਸਾਹਿਬ ਨੇ ਇਸ ਪਠਾਣ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

ਬਸੇ ਹਮਲਾ ਕਰਦੰਦ ਬਮਰਦਾਨਗੀ।
ਹਮ ਅਜ਼ ਹੋਸ਼ਗੀ, ਹਮ ਜ਼ਿ ਦੀਵਾਨਗੀ।

ਭਾਵ ਉਸ ਨੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ ਕੀਤੇ, ਕੁਝ ਸੂਝ-ਬੂਝ ਨਾਲ, ਕੁਝ ਬੇਸਮਝੀ ਨਾਲ। ਅਗਲੇ ਸ਼ਿਅਰ ਵਿਚ ਉਸ ਪਠਾਣ ਵੱਲੋਂ ਦੋ ਸਿੱਖ ਸੈਨਿਕਾਂ ਅਤੇ ਖ਼ੁਦ ਵੀ ਕਤਲ ਹੋ ਜਾਣ ਦੇ ਤੱਥ ਨੂੰ ਇੰਜ ਕਲਮਬੰਦ ਕੀਤਾ ਹੈ :

ਬਸੇ ਹਮਲਾ ਕਰਦੋ ਬਸੇ ਜ਼ਖ਼ਮ ਖ਼ੁਰਦ।
ਦੋ ਕਸ ਰਾ ਬਜਾਂ ਕੁਸ਼ਤੁ ਹਮ ਜਾਂ ਸੁਪੁਰਦ।

ਭਾਵ ਉਸ ਨੇ ਕਈ ਹੱਲੇ ਕੀਤੇ ਅਤੇ ਖ਼ੁਦ ਵੀ ਬਹੁਤ ਸਾਰੇ ਫੱਟ ਖਾਧੇ। ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਅਤੇ ਆਖ਼ਰ ਆਪ ਵੀ ਆਪਣੀ ਜਾਨ ਦੇ ਗਿਆ।

ਇਕ ਹੋਰ ਪਠਾਣ ਫ਼ੌਜਦਾਰ, ਖ਼੍ਵਾਜਾ ਜ਼ਫ਼ਰਬੇਗ ਦਾ ਜ਼ਿਕਰ ਹੈ, ਜੋ ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਨਿੱਤਰਦਾ :

ਕਿ ਆਂ ਖ਼੍ਵਾਜਾ ਮਰਦੂਦ ਸਾਯ: ਏ ਦੀਵਾਰ।
ਨਯਾਮਦ ਬ-ਮੈਦਾਂ ਬ-ਮਰਦਾਨ : ਵਾਰ।

ਭਾਵ ਉਹ ਮਰਦੂਦ ਖ਼੍ਵਾਜਾ ਜ਼ਫ਼ਰਬੇਗ ਦੀਵਾਰ ਦੀ ਓਟ ਹੇਠ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਆਇਆ। ਅਗਲੇ ਸ਼ਿਅਰ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜੇਕਰ ਉਹ ਉਸ ਨੂੰ ਵੇਖ ਲੈਂਦੇ ਤਾਂ ਸਹਿਜੇ ਹੀ ਆਪਣੇ ਤੀਰ ਦਾ ਨਿਸ਼ਾਨਾ ਬਣਾ ਦਿੰਦੇ। ਗੁਰੂ ਸਾਹਿਬ ਨੇ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਲਿਖਿਆ ਹੈ :

ਦਰੇਗ਼ਾ! ਅਗਰ ਰੂਏ ਊ ਦੀਦਮੇ।
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ।

ਭਾਵ ਗੁਰੂ ਸਾਹਿਬ ਕਹਿੰਦੇ ਹਨ, ਦਰੇਗ਼ਾ (ਅਫ਼ਸੋਸ)। ਜੇਕਰ ਮੈਂ ਉਸ ਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦਾ। ਭਾਵ, ਉਸ ਨੂੰ ਪਾਰ ਬੁਲਾ ਦਿੰਦਾ।

ਗੁਰੂ ਸਾਹਿਬ ਨੇ ਜੰਗ ਦੇ ਖ਼ੌਫ਼ਨਾਕ ਦ੍ਰਿਸ਼ਾਂ ਨੂੰ ਬੜੀ ਮੁਹਾਰਤ ਨਾਲ ਇਉਂ ਚਿਤਰਿਆ ਹੈ :

ਹਮਾਖ਼ਿਰ ਬਸੇ ਜ਼ਖ਼ਮਿ ਤੀਰੋ ਤੁਫ਼ੰਗ।
ਦੋ ਸੂਏ ਬਸੇ ਕੁਸ਼ਤ : ਸ਼ੁਦ ਬੇਦਰੰਗ।

ਭਾਵ ਆਖ਼ਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ-ਖਾ ਥੋੜ੍ਹੇ ਚਿਰ ਵਿਚ ਹੀ ਦੋਵਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ।

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ।
ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲ ਰੰਗ।

ਭਾਵ ਬੰਦੂਕਾਂ ਤੇ ਤੀਰਾਂ ਦੀ ਏਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲੋ-ਲਾਲ ਹੋ ਗਈ।

ਸਰੋਪਾਇ ਅੰਬੋਹ ਚੰਦਾਂ ਸ਼ੁਦਹ।
ਕਿ ਮੈਦਾਂ ਪੁਰ ਅਜ਼ ਗੂ ਓ ਚੌਗਾਂ ਸ਼ੁਦਹ।

ਭਾਵ ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ। ਭਾਵ, ਰਣਭੂਮੀ ਵਿਚ ਸਿਰ ਖਿੱਦੋਆਂ ਵਾਂਗ ਅਤੇ ਲੱਤਾਂ-ਬਾਹਾਂ ਖੂੰਡੀਆਂ ਵਾਂਗ ਖਿਲਰੀਆਂ ਪਈਆਂ ਸਨ।

ਜ਼ਫ਼ਰਨਾਮੇ ਦੇ 45ਵੇਂ ਸ਼ਿਅਰ ਵਿਚ ਗੁਰੂ ਸਾਹਿਬ, ਚਮਕੌਰ ਦੀ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਲਿਖਦੇ ਹਨ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁੱਟ ਦੇਣ ਵਾਲਾ ਹੈ। ਗੱਲ ਦੀ ਲੜੀ ਨੂੰ ਜਾਰੀ ਰੱਖਦਿਆਂ, ਅਗਲੇ ਹੀ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ-ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ।

'ਜ਼ਫ਼ਰਨਾਮਾ' ਦੇ ਕੁੱਲ 112 ਸ਼ਿਅਰ ਹਨ। ਤੁਸੀਂ ਵੇਖ ਹੀ ਲਿਆ ਹੈ ਕਿ ਇਸ ਇਤਿਹਾਸਕ ਪੱਤਰ ਵਿਚ ਚਮਕੌਰ ਦੀ ਦਾਸਤਾਨ ਦਾ ਉੱਭਰਵਾਂ ਸਥਾਨ ਹੈ। ਸਪੱਸ਼ਟ ਹੈ, ਚਮਕੌਰ ਦੀ ਜੰਗ ਗੁਰੂ ਸਾਹਿਬ ਦੇ ਦਿਮਾਗ 'ਤੇ ਛਾਈ ਰਹੀ, ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਉਨ੍ਹਾਂ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ। ਨਿਮਨ ਦਰਜ ਸ਼ਿਅਰ ਗੁਰੂ ਸਾਹਿਬ ਦੇ ਚੜ੍ਹਦੀ ਕਲਾ ਦਾ ਅਵਤਾਰ ਹੋਣ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ: ਚਾਰ।
ਕਿ ਬਾਕੀ ਬਮਾਂਦਸਤ ਪੇਚੀਦ: ਮਾਰ।

ਇਸ ਸ਼ਿਅਰ ਵਿਚ ਗੁਰੂ ਸਾਹਿਬ ਦਾ ਸਮੇਂ ਦੇ ਸ਼ਕਤੀਸ਼ਾਲੀ ਹੁਕਮਰਾਨ ਨੂੰ ਇਹ ਕਹਿਣਾ-'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਨਾਗ (ਭਾਵ ਖ਼ਾਲਸਾ) ਬਾਕੀ ਹੈ।'-ਇਕ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਅਤੇ ਬਾਦਸ਼ਾਹ 'ਤੇ ਜਿੱਤ ਦੀ ਪ੍ਰਤੀਕ ਵੀ ਹੈ।

ਪੰਜਾਬੀ ਪੁੱਤਰਾਂ ਦੇ ਡੁੱਲ੍ਹੇ ਖ਼ੂਨ ਦੀ ਗਵਾਹੀ ਭਰਦੀ ਹੈ ਮੁੱਦਕੀ ਦੀ ਧਰਤੀ

-ਰਜਿੰਦਰ ਸਿੰਘ ਰਾਜਾ
ਸੰਪਰਕ: 97819-25629

ਜ਼ਿਲ੍ਹਾ ਫਿਰੋਜ਼ਪੁਰ ਦਾ ਕਸਬਾ ਮੁੱਦਕੀ ਜੋ ਕਿ ਫਰੀਦਕੋਟ-ਅੰਮ੍ਰਿਤਸਰ ਜੀਟੀ ਰੋਡ ਉੱਪਰ ਸਥਿਤ ਹੈ, ਆਪਣੇ ਸੀਨੇ ਵਿੱਚ ਸਿੱਖ ਰਾਜ ਦੇ ਅੰਤਲੇ ਦਿਨਾਂ ਦਾ ਡੂੰਘਾ ਦਰਦ ਲੁਕੋਈ ਬੈਠਾ ਹੈ। ਇਸ ਦੀ ਧਰਤੀ ਅੱਜ ਵੀ ਆਪਣੇ ਪੰਜਾਬੀ ਪੁੱਤਰਾਂ (ਸਿੱਖ ਸੈਨਿਕਾਂ) ਦੇ ਡੁੱਲੇ ਮਣਾਂ-ਮੂੰਹੀਂ ਖੂਨ ਦੀ ਗਵਾਹੀ ਭਰਦੀ ਹੈ। ਇਸ ਧਰਤੀ ਦਾ ਜ਼ਰ੍ਹਾ ਜ਼ਰ੍ਹਾ ਯੋਧਿਆਂ ਦੇ ਖੂਨ ਨਾਲ ਸਿੰਜਿਆ ਪਿਆ ਹੈ, ਜਿਨ੍ਹਾਂ ਨੇ ਬੇਗਾਨਿਆਂ (ਫਿਰੰਗੀਆਂ) ਤੋਂ ਆਪਣੇ ਦੇਸ਼ ਪੰਜਾਬ ਦੀ ਹੋਂਦ, ਆਪਣੇ ਸੱਭਿਆਚਾਰ, ਮਾਣ-ਸਨਮਾਨ ਨੂੰ ਬਚਾਉਣ ਲਈ ਆਖਰੀ ਦਮ ਤਕ ਤਲਵਾਰਾਂ ਖੰਡੇ ਖੜਕਾਏ ਅਤੇ ਦੇਸ਼ ਤੋਂ ਕੁਰਬਾਨ ਹੋ ਕਿ ਸਦਾ ਲਈ ਅਮਰ ਹੋ ਗਏ। ਜਦੋਂ ਦੇਸ਼ ਦੀਆਂ ਬਾਕੀ ਬਹੁਤ ਸਾਰੀਆਂ ਰਿਆਸਤਾਂ ਨੇ ਅੰਗਰੇਜ਼ੀ ਰਾਜ ਦੀ ਈਨ ਮੰਨ ਲਈ ਸੀ। ਕੁਝ ਰਿਆਸਤਾਂ ਅਜੇ ਵੀ ਬਾਗੀ ਸਨ। ਉਧਰ ਸਿੱਖ ਰਾਜ ਵੀ ਅੰਗਰੇਜ਼ਾਂ ਨੂੰ ਆਪਣੇ ਲਈ ਖ਼ਤਰਾ ਭਾਂਪਦਾ ਸੀ। ਮਹਾਰਾਜਾ ਰਣਜੀਤ ਸਿੰਘ ਬਹੁਤ ਹੀ ਦੂਰਅੰਦੇਸ਼ੀ ਰਾਜਾ ਸੀ। ਉਸ ਦੇ ਹੁੰਦਿਆਂ ਅੰਗਰੇਜ਼ਾਂ ਨੇ ਉਸ ਨਾਲ ਕਈ ਸੰਧੀਆਂ ਵੀ ਕੀਤੀਆਂ ਪਰ ਨਾਲ ਹੀ ਪੰਜਾਬ ਵਿਚਲੇ ਸਿੱਖ ਰਾਜ ਦੀਆਂ ਹੱਦਾਂ ਦੇ ਨਾਲ-ਨਾਲ ਆਪਣੀ ਫੌਜੀ ਸ਼ਕਤੀ ਅਤੇ ਜੰਗੀ ਸਾਜ਼ੋ-ਸਾਮਾਨ ਵਿੱਚ ਲਗਾਤਾਰ ਵਾਧਾ ਕਰਦੇ ਰਹੇ। ਸਿੱਖ ਰਾਜ ਦੇ ਨਾਲ ਲਗਦੀਆਂ ਫੌਜੀ ਛਾਉਣੀਆਂ ਅੰਬਾਲਾ, ਲੁਧਿਆਣਾ, ਫਿਰੋਜ਼ਪੁਰ ਵਿੱਚ 40 ਹਜ਼ਾਰ ਦੇ ਲਗਪਗ ਫੌਜਾਂ, 94 ਵੱਡੀਆਂ ਤੋਪਾਂ ਅਤੇ ਹੋਰ ਛੋਟੇ-ਵੱਡੇ ਜੰਗੀ ਹਥਿਆਰ ਇਕੱਠੇ ਕਰ ਲਏ ਗਏ ਸਨ। 1839 ਈਸਵੀ ਵਿੱਚ ਸ਼ੇਰ-ਏ-ਪੰਜਾਬ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਇਹ ਭਾਂਪ ਲਿਆ ਸੀ ਕਿ ਹੁਣ ਸਿੱਖ ਰਾਜ ਡਾਵਾਂ-ਡੋਲ ਹੈ। ਇਸ ਕਰਕੇ ਉਨ੍ਹਾਂ ਦੇ ਚਾਤਰ ਅਫਸਰਾਂ 'ਤੇ ਲਾਲਚ ਦੇ ਕੇ ਡੋਰੇ ਪਾ ਲਏ। ਖ਼ਾਸ ਕਰਕੇ ਡੋਗਰੇ ਸਰਦਾਰ ਅੰਦਰਖਾਤੇ ਮਿਲ ਗਏ। ਸਿੱਖ ਦਰਬਾਰ ਦੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਦੀ ਰਿਪੋਰਟ ਖੁਫ਼ੀਆ ਤੌਰ 'ਤੇ ਅੰਗਰੇਜ਼ਾਂ ਕੋਲ ਪੁੱਜਣੀ ਸ਼ੁਰੂ ਹੋ ਗਈ। 1845 ਈਸਵੀ ਵਿੱਚ ਪੰਜਾਬ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ ਜਿੰਦਾਂ ਦਾ ਰਾਜ ਸੀ। ਉਸ ਦਾ ਮੁੱਖ ਸਲਾਹਕਾਰ ਉਸ ਦਾ ਭਰਾ ਜਵਾਹਰ ਸਿੰਘ ਹੀ ਸੀ ਜਿਸ ਨੂੰ 21 ਸਤੰਬਰ 1845 ਨੂੰ ਮਰਵਾ ਦਿੱਤਾ ਸੀ ਅਤੇ ਉਸ ਉਪਰ ਇਹ ਦੋਸ਼ ਲਗਾਇਆ ਗਿਆ ਸੀ ਕਿ ਜਵਾਹਰ ਸਿੰਘ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਮਰਵਾਇਆ ਹੈ ਪਰ ਅਸਲੀਅਤ ਕੀ ਸੀ ਇਸ ਬਾਰੇ ਅਜੇ ਵੀ ਇਤਿਹਾਸਕ ਤੱਥਾਂ ਵਿੱਚ ਮਤਭੇਦ ਹਨ। ਕਈ ਇਤਿਹਾਸਕਾਰ ਮਹਾਰਾਣੀ ਜਿੰਦਾਂ ਨੂੰ ਨਿਰਦੋਸ਼ ਸਮਝਦੇ ਹਨ ਅਤੇ ਕਈ ਇਹ ਲਿਖ ਗਏ ਹਨ ਕਿ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਯੁੱਧ ਜੋ ਕਿ 1845-46 ਵਿਚਕਾਰ ਹੋਏ ਹਨ, ਮਹਾਰਾਣੀ ਜਿੰਦਾਂ ਅਤੇ ਉਸ ਦੇ ਅਹਿਲਕਾਰਾਂ ਦੀ ਸਾਜ਼ਿਸ਼ ਸੀ ਤਾਂ ਕਿ ਫੌਜ ਦੀ ਵਧਦੀ ਹੋਈ ਬੁਰਸ਼ਾਗਰਦੀ ਨੂੰ ਰੋਕਿਆ ਜਾਵੇ। ਉਸ ਸਮੇਂ ਰਾਜਾ ਲਾਲ ਸਿੰਘ ਸਿੱਖ ਰਾਜ ਦਾ ਮੁੱਖ ਮੰਤਰੀ ਸੀ ਅਤੇ ਤੇਜ ਸਿੰਘ ਪ੍ਰਧਾਨ ਸੈਨਾਪਤੀ ਸੀ। ਕੁਝ ਕਾਰਨਾਂ ਕਰਕੇ ਅੰਗਰੇਜ਼ੀ ਰਾਜ ਨਾਲ ਜੰਗ ਦੇ ਆਸਾਰ ਬਣਦੇ ਜਾ ਰਹੇ ਸਨ। ਅੰਗਰੇਜ਼ੀ ਕਮਾਂਡਰ ਵੀ ਇਸ ਸਮੇਂ ਨੂੰ ਬਹੁਤ ਢੁੱਕਵਾਂ ਸਮਝ ਰਹੇ ਸਨ। ਉਨ੍ਹਾਂ ਨੇ ਸਿੱਖ ਰਾਜ ਦੇ ਡੋਗਰੇ ਵਜ਼ੀਰਾਂ, ਅਹਿਲਕਾਰਾਂ ਅਤੇ ਸੈਨਾਪਤੀਆਂ ਨੂੰ ਜਗੀਰਾਂ ਦੇ ਲਾਲਚ ਦੇ ਰੱਖੇ ਸਨ। ਉਸ ਸਮੇਂ ਅੰਗਰੇਜ਼ੀ ਫੌਜ ਦਾ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਸੀ ਜੋ ਦੁਨੀਆਂ ਦੀ ਬਹੁਤ ਭਿਆਨਕ ਜੰਗ 'ਵਾਟਰਲੂ ਦੀ ਜੰਗ' ਦਾ ਜੇਤੂ ਯੋਧਾ ਸੀ ਅਤੇ ਸਰ ਹਿਊਗਫ (ਹੁਗਗਫ) ਤਾਂ ਪ੍ਰਧਾਨ ਸੈਨਾਪਤੀ ਸੀ। ਜੰਗ ਨਾ ਟਲਦੀ ਦੇਖ ਕੇ ਸਿੱਖ ਫੌਜਾਂ ਦੁਸ਼ਮਣ ਦੀ ਹਿੱਕ 'ਤੇ ਜਾ ਕੇ ਲੜਨਾ ਚਾਹੁੰਦੀਆਂ ਸਨ। 11 ਦਸੰਬਰ 1845 ਈਸਵੀ ਵਿੱਚ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਵਜ਼ੀਰ ਲਾਲ ਸਿੰਘ ਅਤੇ ਸੈਨਾਪਤੀ ਤੇਜ ਸਿੰਘ ਦੀ ਅਗਵਾਈ ਹੇਠ ਹਰੀਕੇ ਪੱਤਣ ਨੇੜਿਓਂ ਸਤਲੁਜ ਦਰਿਆ ਪਾਰ ਕੀਤਾ। ਉਧਰ ਸਰ ਹੈਨਰੀ ਹਾਰਡਿੰਗ ਨੇ ਸੁਪਰੀਮ ਕਮਾਂਡਰ ਹੋਣ ਦੇ ਬਾਵਜੂਦ ਵੀ ਆਪਣੇ ਕਮਾਂਡਰ ਇਨ ਚੀਫ ਸਰ ਹਿਊਗਫ ਦੀ ਕਮਾਂਡ ਹੇਠ ਐਂਗਲੋ-ਸਿੱਖ ਯੁੱਧ ਵਿੱਚ ਲੜਨ ਦੀ ਪੇਸ਼ਕਸ਼ ਕੀਤੀ ਸੀ। ਲਾਲ ਸਿੰਘ ਦੀ ਕਮਾਂਡ ਹੇਠ ਕੁਝ ਸਿੱਖ ਪਲਟਨਾਂ ਨੇ ਫੇਰੂ ਸ਼ਹਿਰ (ਫਿਰੋਜ਼ਸ਼ਾਹ) ਪਿੰਡ ਵਿੱਚ ਪਾਣੀ ਦੀ ਢਾਬ 'ਤੇ ਕਬਜ਼ਾ ਕਰਕੇ ਮੋਰਚੇ ਬਣਾ ਲਏ ਸਨ। ਬਾਕੀ ਫੌਜ ਦੀ ਕਮਾਂਡ ਕਰਦਾ ਤੇਜ ਸਿੰਘ ਸੈਨਾਪਤੀ ਫਿਰੋਜ਼ਪੁਰ ਵੱਲ ਨੂੰ ਹੋ ਤੁਰਿਆ। ਜਿੱਥੇ ਮੇਜਰ ਜਨਰਲ ਜੌਹਲ ਲਿਟਲਰ ਦੀ ਕਮਾਂਡ ਹੇਠ ਫੌਜ ਤਾਇਨਾਤ ਸੀ। ਇੱਥੇ ਆ ਕੇ ਸਿੱਖ ਫੌਜ ਦੇ ਗੱਦਾਰ ਸੈਨਾਪਤੀਆਂ ਵੱਲੋਂ ਅੰਗਰੇਜ਼ਾਂ ਨਾਲ ਪਹਿਲਾਂ ਤੋਂ ਹੀ ਚਲਦੀ ਗੁਫਤਗੂ ਅਨੁਸਾਰ ਆਪਣੀ ਵਫ਼ਾਦਾਰੀ ਨਿਭਾਉਂਦਿਆਂ ਚਿੱਠੀ ਲਿਖ ਕੇ ਅੰਗਰੇਜ਼ ਕਮਾਂਡਰ ਨੂੰ ਪੁੱਛਿਆ ਕਿ ਕੀ ਹੁਕਮ ਹੈ, ਤੁਹਾਡੀ ਸੇਵਾ ਕਿਸ ਤਰ੍ਹਾਂ ਕੀਤੀ ਜਾਵੇ। ਤੇਜ ਸਿੰਘ ਨੇ ਕਿਹਾ ਕਿ ਮੇਰੀ ਕਮਾਂਡ ਹੇਠ ਆਏ ਸਿੱਖ ਯੋਧੇ ਹਮਲਾ ਕਰਨ ਲਈ ਬਹੁਤ ਬੇਤਾਬ ਹਨ। ਮੇਰੇ ਤੇ ਲਗਾਤਾਰ ਦਬਾਅ ਵਧ ਰਿਹਾ ਹੈ। ਇਹ ਨਾ ਹੋਵੇ ਕਿ ਬਾਜ਼ੀ ਹੱਥੋਂ ਨਿਕਲ ਜਾਵੇ। ਅੱਗੋਂ ਕੈਪਟਨ ਨਿਕਲਸਨ ਰਾਹੀਂ ਤੇਜ ਸਿੰਘ (ਤੇਜਾ ਸਿੰਘ) ਸੈਨਾਪਤੀ ਨੂੰ ਸੁਨੇਹਾ ਮਿਲਿਆ ਕਿ ਜੇਕਰ ਤੁਸੀਂ ਸੱਚੀਂ ਹੀ ਅੰਗਰੇਜ਼ੀ ਸਰਕਾਰ ਦੀ ਮੱਦਦ ਕਰਨੀ ਚਾਹੁੰਦੇ ਹੋ ਤਾਂ ਸਿੱਖ ਫੌਜਾਂ ਨੂੰ ਓਨਾ ਚਿਰ ਲਾਰਡ ਹਾਰਡਿੰਗ ਅਤੇ ਲਾਰਡ ਹਿਊਗਫ ਆਪਣੀ ਸੈਨਾ ਸਮੇਤ ਫਿਰੋਜ਼ਪੁਰ ਨਾ ਪਹੁੰਚ ਜਾਣ। ਕਿਉਂਕਿ ਇੱਥੇ ਅੰਗਰੇਜ਼ੀ ਸੈਨਾ ਸਿੱਖਾਂ ਦੇ ਮੁਕਾਬਲੇ ਘੱਟ ਹੈ। ਲਿਟਲਰ ਅਤੇ ਦੂਸਰੇ ਅਫਸਰਾਂ ਨਾਲ ਯਾਰੀ ਨਿਭਾਉਂਦਿਆਂ ਸਿੱਖ ਸਿਪਾਹੀਆਂ ਅਤੇ ਟੁਕੜੀਆਂ ਦੇ ਸਰਦਾਰਾਂ ਨੂੰ ਕਿਹਾ ਗਿਆ ਕਿ ਆਪਣਾ ਮਕਸਦ ਇਸ ਥੋੜ੍ਹੀ ਜਿਹੀ ਫੌਜ ਨਾਲ ਲੜਨ ਦਾ ਨਹੀਂ। ਮੇਰਾ ਮਕਸਦ ਤਾਂ ਲਾਰਡ ਹਿਊਗਫ ਕਮਾਂਡ ਹੇਠ ਆ ਰਹੀ ਬਹੁਤ ਵੱਡੀ ਅੰਗਰੇਜ਼ ਫੌਜ ਨਾਲ ਲੜ ਕੇ ਉਸ ਨੂੰ ਖ਼ਤਮ ਕਰਨ ਦਾ ਹੈ ਤਾਂ ਜੋ ਉਹ ਇਸ ਤੋਂ ਬਾਅਦ ਪੰਜਾਬ ਵੱਲ ਮੂੰਹ ਨਾ ਕਰ ਸਕਣ। ਉਧਰ ਨਿਕਲਸਨ ਵੱਲੋਂ ਤੇਜ ਸਿੰਘ ਨੂੰ ਇਹ ਵੀ ਕਿਹਾ ਗਿਆ ਕਿ ਲਾਰਡ ਹਿਊਗਫ ਦੀ ਕਮਾਂਡ ਹੇਠ ਅੰਗਰੇਜ਼ੀ ਫੌਜ ਫਿਰੋਜ਼ਪੁਰ ਤੋਂ ਕੁਝ ਮੀਲ ਪਿੱਛੇ ਹੋਵੇ ਤਾਂ ਸਿੱਖ ਫੌਜਾਂ ਨੂੰ ਉਧਰ ਨੂੰ ਮਾਰਚ ਕਰਨ ਦਾ ਹੁਕਮ ਦਿੱਤਾ ਜਾਵੇ ਤਾਂ ਜੋ ਸਿੱਖ ਫੌਜਾਂ ਵਿੱਚ ਗੁੱਸੇ ਦੀ ਲਹਿਰ ਦੌੜ ਜਾਵੇ ਅਤੇ ਸਿੱਖ ਫੌਜੀ ਬਾਗੀ ਹੋਣ 'ਤੇ ਉਤਰ ਆਉਣ। ਤੇਜ ਸਿੰਘ ਨੇ ਇਵੇਂ ਹੀ ਕੀਤਾ। ਉਧਰ ਲਾਰਡ ਹਿਊਗਫ ਦੀ ਕਮਾਂਡ ਹੇਠ ਅੰਗਰੇਜ਼ੀ ਫੌਜ ਪਿੰਡ ਮੁੱਦਕੀ ਵਿਖੇ ਪਹੁੰਚ ਗਈ। ਮੁੱਦਕੀ ਉਸ ਸਮੇਂ ਕੱਚੇ ਘਰਾਂ ਅਤੇ ਇੱਕ ਛੋਟੇ ਜਿਹੇ ਕੱਚੇ ਕਿਲੇ ਵਾਲੇ ਪਿੰਡ ਸੀ। ਜਿਸ ਉਪਰ ਸਿੱਖ ਫੌਜ ਦਾ ਕਬਜ਼ਾ ਸੀ। ਪਿੰਡ ਦੇ ਦੁਆਲੇ ਪਾਣੀ ਦੀ ਇੱਕ ਬਹੁਤ ਵੱਡੀ ਢਾਬ ਸੀ। ਕਵੀ ਸ਼ਾਹ ਮੁਹੰਮਦ ਨੇ ਵੀ ਆਪਣੇ ਲਿਖੇ ਜੰਗਨਾਮੇ ਵਿੱਚ ਇਸ ਢਾਬ ਦਾ ਵਰਨਣ ਕੀਤਾ ਹੈ ਅਤੇ ਇਸ ਜੰਗ ਨੂੰ ਹਿੰਦ ਅਤੇ ਪੰਜਾਬ ਦੀ ਜੰਗ ਕਿਹਾ ਹੈ। ਇੱਕ ਪਾਸੇ ਸਾਰੇ ਹਿੰਦੁਸਤਾਨ ਦੀਆਂ ਫੌਜਾਂ ਦੂਸਰੇ ਪਾਸੇ ਪੰਜਾਬ ਰਾਜ ਦੀਆਂ (ਸਿੱਖ ਰਾਜ ਦੀਆਂ) ਫੌਜਾਂ ਸਨ। ਅੰਗਰੇਜ਼ਾਂ ਦੀ ਮਦਦ ਭਾਰਤ ਦੀਆਂ ਹੋਰ ਵੀ ਬਹੁਤ ਸਾਰੀਆਂ ਰਿਆਸਤਾਂ ਕਰ ਰਹੀਆਂ ਸਨ। ਜਿਨਾ ਵਿੱਚ ਕੁਝ ਪੰਜਾਬੀ ਰਿਆਸਤਾਂ ਵੀ ਸਨ। ਇਨ੍ਹਾਂ ਵਿੱਚ ਰਿਆਸਤ ਫਰੀਦਕੋਟ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਆਪਣੇ ਇਲਾਕੇ ਦੇ ਪਿੰਡ 'ਚੰਦਾਂ' ਵਿਖੇ ਰਹਿ ਕੇ ਫਰੀਦਕੋਟ ਰਿਆਸਤ ਦੇ ਰਾਜਾ ਪਹਾੜਾ ਸਿੰਘ ਨੇ ਅੰਗਰੇਜ਼ਾਂ ਦੀ ਮਦਦ ਕੀਤੀ। ਅੰਗਰੇਜ਼ ਫੌਜਾਂ ਦੇ ਘੋੜਿਆਂ ਲਈ ਰਾਸ਼ਨ ਅਤੇ ਫੌਜਾਂ ਲਈ ਰੋਟੀ ਪਾਣੀ ਦਾ ਪ੍ਰਬੰਧ ਕਰਵਾਇਆ। ਸਿੱਖ ਫੌਜਾਂ ਇਸ ਗੱਲੋਂ ਵੀ ਮਾਰ ਖਾ ਗਈਆਂ। ਇੱਕ ਤਾਂ ਪਿੰਡ ਤੋਂ ਬਹੁਤੀ ਮਦਦ ਨਹੀਂ ਮਿਲੀ ਦੂਸਰੇ ਸੈਨਾਪਤੀ ਗਦਾਰ ਹੋ ਗਏ। 13 ਦਸੰਬਰ ਨੂੰ ਲਾਰਡ ਹਾਰਡਿੰਗ ਵੱਲੋਂ ਜੰਗ ਦਾ ਐਲਾਨ ਕਰ ਦਿੱਤਾ ਗਿਆ ਸੀ। ਅੰਗਰੇਜ਼ੀ ਫੌਜਾਂ ਦੀ ਹਿਲਜੁਲ ਸ਼ੁਰੂ ਹੋ ਗਈ ਸੀ। ਮੁੱਦਕੀ ਪਹੁੰਚਦਿਆਂ ਹੀ ਲਾਰਡ ਹਾਰਡਿੰਗ ਅਤੇ ਗਫ ਦੀਆਂ ਫੌਜਾਂ ਦਾ ਮੁੱਦਕੀ ਦੇ ਰੇਤਲੇ ਇਲਾਕੇ ਵਿੱਚ ਵਜ਼ੀਰ ਲਾਲ ਸਿੰਘ ਦੀ ਫੌਜ ਦੀਆਂ ਕੁਝ ਟੁਕੜੀਆਂ ਨਾਲ ਹੋ ਗਿਆ। ਸਿੱਖ ਫੌਜਾਂ ਨੇ ਬਿਨਾਂ ਵਿਉਂਤਬੰਦੀ ਤੋਂ ਇਹ ਹਮਲਾ ਕੀਤਾ। ਲੜਾਈ ਤਾਂ ਭਾਵੇਂ ਛੋਟੀ ਸੀ ਪਰ ਬਾਅਦ ਵਿੱਚ ਇਹ ਭਿਆਨਕ ਰੂਪ ਧਾਰਨ ਕਰ ਗਈ। ਸਿੱਖ ਫੌਜੀ ਆਪਣੇ ਮੋਰਚਿਆਂ ਤੋਂ ਰੱਤੀ ਭਰ ਵੀ ਨਹੀਂ ਹਿੱਲੇ। ਸ਼ਹੀਦੀਆਂ ਪ੍ਰਾਪਤ ਕਰ ਲਈਆਂ ਪਰ ਅੰਗਰੇਜ਼ਾਂ ਨੂੰ ਆਪਣੇ ਜੰਗੀ ਯੋਧੇ ਹੋਣ ਦਾ ਸਬੂਤ ਦੇ ਦਿੱਤਾ। ਅੰਗਰੇਜ਼ ਫੌਜਾਂ ਵਿੱਚ ਤਰਥੱਲੀ ਮਚ ਗਈ ਕਿ ਅਜੇ ਤਾਂ ਫਿਰੋਜ਼ਪੁਰ ਬਹੁਤ ਦੂਰ ਹੈ। ਸਿੱਖ ਬਹੁਤ ਨੁਕਸਾਨ ਕਰਨਗੇ। ਜੰਗ ਸ਼ੁਰੂ ਹੋਣ ਸਮੇਂ ਦਿਨ ਢਲ ਰਿਹਾ ਸੀ। ਲਹਿੰਦੇ ਵਾਲੇ ਪਾਸੇ ਲਾਲੀ ਪਸਰੀ ਹੋਈ ਸੀ। ਅੰਗਰੇਜ਼ਾਂ ਦੇ ਸਿਪਾਹੀਆਂ ਨੂੰ ਇਹ ਢਲਦੇ ਸੂਰਜ ਦੀ ਲਾਲੀ ਖ਼ਤਰਨਾਕ ਲੱਗ ਰਹੀ ਸੀ। ਜਦੋਂ ਸਿੱਖ ਫੌਜਾਂ ਦੇ ਨਗਾਰਿਆਂ 'ਤੇ ਚੋਟਾਂ ਲੱਗੀਆਂ ਤਾਂ ਸਿੱਖ ਯੋਧੇ ਮੌਤ ਨੂੰ ਮਾਖੌਲ ਕਰਦੇ ਹੋਏ ਮੈਦਾਨ-ਏ-ਜੰਗ ਵਿੱਚ ਕੁੱਦ ਪਏ। ਉਧਰ ਅੰਗਰੇਜ਼ ਸਿਪਾਹੀ ਜਿਨ੍ਹਾਂ ਨੇ ਲਾਲ ਕੋਟ, ਨੀਲੀਆਂ ਪਤਲੂਨਾਂ ਤੇ ਚਿੱਟੀਆਂ ਉਚੀਆਂ ਫੁੰਮਣਾਂ ਵਾਲੀਆਂ ਟੋਪੀਆਂ ਲਈਆਂ ਹੋਈਆਂ ਸਨ, ਪੂਰੀ ਵਰਦੀ ਵਿੱਚ ਜੰਗੀ ਤਰਾਨੇ ਵਜਦਿਆਂ ਹੀ ਹੁਕਮ ਮਿਲਦਿਆਂ ਸਾਰ ਮੈਦਾਨ-ਏ-ਜੰਗ ਵਿੱਚ ਕੁੱਦ ਪਏ। ਸਿੱਖ ਫੌਜਾਂ ਦੀ ਵਰਦੀ ਮਿਲੀ-ਜੁਲੀ ਸੀ। ਸਿੱਖਾਂ ਦੇ ਤਕੜੇ ਹਮਲੇ ਨੂੰ ਪਛਾੜਨ ਲਈ ਅੰਗਰੇਜ਼ਾਂ ਦੀ ਘੋੜ ਸਵਾਰ ਫੌਜਾਂ ਨੇ ਤਕੜਾ ਹੱਲਾ ਬੋਲਿਆ ਜਿਸ ਨੂੰ ਪਛਾੜਨ ਲਈ ਝਾੜਾ ਬੂਟਾਂ ਅਤੇ ਫਰਵਾਂਹ ਦੇ ਦਰੱਖਤਾਂ ਉਹਲੇ ਬੈਠੇ ਸਿੱਖ ਬੰਦੂਕਚੀਆਂ ਨੇ ਪੂਰੀ ਵਾਹ ਲਾ ਦਿੱਤੀ। ਦੋਹਾਂ ਪਾਸਿਆਂ ਦੀਆਂ ਤੋਪਾਂ ਅੱਗ ਵਰਸਾ ਰਹੀਆਂ ਸਨ। ਅੰਗਰੇਜ਼ਾਂ ਦੀਆਂ ਤੋਪਾਂ ਇਸ ਕਰਕੇ ਬਹੁਤ ਨੁਕਸਾਨ ਕਰ ਗਈਆਂ ਕਿਉਂਕਿ ਉਹ ਉਚੇ ਥਾਂ 'ਤੇ ਸਨ। ਅੰਗਰੇਜ਼ ਫੌਜਾਂ ਦਾ ਸਭ ਤੋਂ ਵੱਧ ਨੁਕਸਾਨ ਉਹਲੇ ਲੁਕੇ ਅਤੇ ਦਰੱਖਤਾਂ 'ਤੇ ਲੁਕ ਕੇ ਬੈਠੇ ਸਿੱਖ ਬੰਦੂਕਚੀਆਂ ਨੇ ਕੀਤਾ। ਸੈਂਕੜੇ ਅਫਸਰ ਅਤੇ ਜਵਾਨ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਜ਼ਖ਼ਮੀ ਕਰ ਦਿੱਤੇ। ਇਸ ਲੜਾਈ ਵਿੱਚ ਸਿੱਖਾਂ ਦਾ ਵੀ ਹੱਦੋਂ ਵੱਧ ਨੁਕਸਾਨ ਹੋਇਆ। ਸਿੱਖ ਸਿਪਾਹੀਆਂ ਨੇ ਚੁਣ ਚੁਣ ਕੇ ਅੰਗਰੇਜ਼ ਅਫਸਰਾਂ ਨੂੰ ਗੋਲੀਆਂ ਮਾਰੀਆਂ। ਦੋਹਾਂ ਪਾਸਿਆਂ ਤੋਂ ਵੱਡੀਆਂ ਵੱਡੀਆਂ ਤੋਪਾਂ, ਜੰਬੂਰਦਿਆਂ, ਤੋੜੇਦਾਰ ਬੰਦੂਕਾਂ, ਨੇਜ਼ਿਆਂ, ਬਰਛਿਆਂ ਅੰਗਰੇਜ਼ ਫੌਜਾਂ ਅਤੇ ਸਿੱਖ ਯੋਧਿਆਂ ਦੇ ਖੂਨ ਨਾਲ ਹੋਲੀ ਖੇਡੀ। ਦਿਨ ਛਿਪਣ ਵਾਲਾ ਹੀ ਸੀ ਕਿ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੀਆਂ ਅੰਗਰੇਜ਼ ਪੱਖੀ ਰਿਆਸਤੀ ਫੌਜਾਂ ਦੀਆਂ 12 ਬਟਾਲੀਅਨਾਂ ਨੇ ਫਿਰ ਤਕੜਾ ਹਮਲਾ ਕੀਤਾ। ਸਿੱਖ ਫੌਜੀ ਗਿਣਤੀ ਵਿੱਚ ਭਾਵੇਂ ਘੱਟ ਸਨ ਪਰ ਬਹਾਦਰੀ ਨਾਲ ਲੜੇ ਅਤੇ ਇਹ ਹਮਲਾ ਵੀ ਪਛਾੜ ਦਿੱਤਾ। ਅੰਗਰੇਜ਼ਾਂ ਦੀ ਮੰਗਵੀਆਂ ਰਿਆਸਤੀ ਫੌਜਾਂ ਦੇ ਸਿਪਾਹੀ ਹਨੇਰੇ ਦੀ ਆੜ ਲੈ ਕੇ ਲੁਕਣ ਲੱਗੇ। ਮੁੱਦਕੀ ਅਤੇ ਪਿੰਡ ਲੁਹਾਮ ਦੇ ਵਿਚਕਾਰ ਦੀ ਰੇਤਲੀ ਧਰਤੀ ਯੋਧਿਆਂ ਦੇ ਖੂਨ ਨਾਲ ਭਿੱਜ ਕੇ ਲਾਲ ਹੋ ਗਈ। ਪੰਜਾਬ ਦੀ ਇਸ ਧਰਤੀ ਮਾਂ ਨੇ ਆਪਣੇ ਉਪਰ ਹੀ ਆਪਣੇ ਜਾਇਆਂ ਦੀਆਂ ਹਿੱਕਾਂ ਪਾਟਦੀਆਂ ਦੇਖੀਆਂ ਤੇ ਲਹੂ ਮਿੱਝ ਦੇ ਘਰਾਲੇ ਵਗ ਤੁਰੇ। ਕੋਈ ਆਮ ਆਦਮੀ ਇਹ ਜੰਗੀ ਨਜ਼ਾਰਾ ਆਪਣੀਆਂ ਪੂਰੀਆਂ ਅੱਖਾਂ ਖੋਲ੍ਹ ਕੇ ਨਹੀਂ ਦੇਖ ਸਕਦਾ ਸੀ। ਪਹਾੜਾ ਸਿੰਘ ਫਰੀਦਕੋਟੀਏ ਨੇ ਅੰਗਰੇਜ਼ਾਂ ਦੀ ਬਹੁਤ ਮਦਦ ਕੀਤੀ। ਇਸ ਜੰਗ ਦਾ ਹਾਲ ਲਿਖਦਿਆਂ ਅੰਗਰੇਜ਼ੀ ਸੈਨਾਪਤੀ ਲਾਰਡ ਗਫ ਨੇ ਲਿਖਿਆ ਹੈ ਕਿ ਸਾਰੀ ਫੌਜ ਨੂੰ ਇੱਕ ਮੋਰਚੇ ਤੋਂ ਦੂਸਰੇ ਮੋਰਚੇ ਤੱਕ ਧੱਕ ਦਿੱਤਾ ਜਾਂਦਾ ਰਿਹਾ। ਬੜੀ ਵੱਢ-ਟੁੱਕ ਹੋਈ ਤੇ 17 ਤੋਪਾਂ ਸਿੱਖਾਂ ਤੋਂ ਖੋਹ ਲਈਆਂ। ਜਿਨ੍ਹਾਂ ਵਿੱਚ ਕੁਝ ਤੋਪਾਂ ਬਹੁਤ ਵੱਡੀਆਂ ਸਨ। ਸਾਡੀ ਫੌਜ ਨੇ ਜਿੱਥੇ ਦੁਸ਼ਮਣ ਅੜਦਾ ਸੀ, ਸੰਗੀਨਾਂ ਦੀ ਅਚੂਕ ਹਥਿਆਰ ਦੀ ਵਰਤੋਂ ਕੀਤੀ।

ਇਤਿਹਾਸਕਾਰ ਜਾਰਾ ਬਰੂਸ ਨੇ ਲਿਖਿਆ ਹੈ ਕਿ ਅੰਗਰੇਜ਼ਾਂ ਨੇ ਸਿੱਖਾਂ ਨੂੰ ਉਨ੍ਹਾਂ ਨੂੰ ਫੇਰੂ ਸ਼ਹਿਰ (ਫਿਰੋਜ਼ਸ਼ਾਹ) ਵਾਲੇ ਮੋਰਚੇ ਵੱਲ ਭਜਾ ਦਿੱਤਾ। ਇਹ ਇੱਕ ਤਰ੍ਹਾਂ ਦੀ ਜਿੱਤ ਹੀ ਸੀ ਜਿਹੜੀ ਇੱਕ ਛੋਟੀ ਫੌਜ ਉਤੇ ਚੋਖਾ ਮੁੱਲ ਤਾਰ ਕੇ ਹਾਸਲ ਕੀਤੀ ਗਈ। ਪੰਜ ਛੇ ਘੰਟਿਆਂ ਵਿੱਚ ਅੰਗਰੇਜ਼ਾਂ ਦੇ 215 ਸੈਨਿਕ ਮਾਰੇ ਗਏ ਅਤੇ 657 ਫੱਟੜ ਹੋਏ। ਮਾਰੇ ਗਿਆਂ ਵਿੱਚ 13 ਅੰਗਰੇਜ਼ ਅਫਸਰ ਅਤੇ 2 ਹਿੰਦੁਸਤਾਨੀ ਅਫਸਰ ਸਨ। ਸਭ ਤੋਂ ਵੱਧ ਨੁਕਸਾਨ ਘੋੜਚੜ੍ਹਿਆਂ ਦਾ ਹੋਇਆ ਜਿਨ੍ਹਾਂ ਦੇ 81 ਆਦਮੀ ਮਰੇ ਅਤੇ 87 ਜ਼ਖ਼ਮੀ ਹੋਏ। ਤੀਸਰੀ ਲਾਈਨ ਡਰੈਗਨ ਰਜਮੈਂਟ ਜਿਸ ਨੇ 497 ਸੈਨਿਕਾਂ ਨਾਲ ਹਮਲਾ ਬੋਲਿਆ, ਦੇ 2 ਅਫਸਰ ਤੇ 55 ਸੈਨਿਕ ਜ਼ਖ਼ਮੀ ਹੋਏ। ਤੋਪਖਾਨੇ ਦਾ ਨੁਕਸਾਨ ਵੀ ਹੋਇਆ। 27 ਸੈਨਿਕ ਮਰੇ ਅਤੇ 47 ਫੱਟੜ ਹੋਏ। ਇਸ ਨੁਕਸਾਨ ਤੋਂ ਸਿੱਖਾਂ ਦੀਆਂ ਤੋਪ ਮਾਰਾਂ (ਤੋਪਚੀਆਂ) ਤੋਪਾਂ ਦੇ ਨਿਸ਼ਾਨੇ ਠੀਕ ਨਿਸ਼ਾਨੇ 'ਤੇ ਵੱਜਣ ਦਾ ਪਤਾ ਲੱਗਦਾ ਹੈ। ਵੱਡੇ ਅਫਸਰਾਂ ਵਿੱਚ ਵੀ ਹਿੱਸੇ ਨਾਲੋਂ ਬਹੁਤ ਮਰੇ। ਮੇਜਰ ਜਨਰਲ ਰੌਬਰਟ ਅਤੇ ਕਮਾਂਡਰ ਮੈਕਸਕਿਲ ਵੀ ਇੱਥੇ ਮਾਰੇ ਗਏ। ਇਸ ਤੋਂ ਬਿਨਾਂ ਸਿੱਖ ਫੌਜਾਂ ਦਾ ਵੀ ਬਹੁਤ ਨੁਕਸਾਨ ਹੋਇਆ। ਦੁੱਖ ਦੀ ਗੱਲ ਇਹ ਹੈ ਕਿ ਵਿਦਵਤਾ ਦੀ ਘਾਟ ਕਰਕੇ ਸਿੱਖ ਫੌਜਾਂ ਦਾ ਰਿਕਾਰਡ ਨਹੀਂ ਰੱਖਿਆ ਜਾ ਸਕਿਆ। ਨਾ ਹੀ ਕੋਈ ਉਸ ਸਮੇਂ ਜੰਗੀ ਹਾਲਾਤ ਲਿਖਣ ਦਾ ਪ੍ਰਬੰਧ ਹੋਵੇਗਾ। ਆਸ-ਪਾਸ ਪਿੰਡ ਦੇ ਲੋਕਾਂ ਦੀ ਗਿਣਤੀ ਮੁਤਾਬਕ ਅਤੇ ਕੁਲਬੀਰ ਸਿੰਘ ਸਿੱਧੂ ਆਈ ਏ ਐਸ. ਰਿਟਾਇਰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋਂ ਲੱਭੇ ਵੇਰਵਿਆਂ ਅਨੁਸਾਰ ਸ਼ਹੀਦ ਅਤੇ ਜ਼ਖ਼ਮੀ ਸਿੱਖ ਸਿਪਾਹੀਆਂ ਦੀ ਗਿਣਤੀ ਲਗਪਗ 3000 ਸੀ ਜੋ ਕਿ ਅੰਦਾਜ਼ਾ ਹੈ। ਸਿੱਖਾਂ ਨੇ ਦੁਨੀਆਂ ਵਿੱਚ ਇਤਿਹਾਸ ਤਾਂ ਰਚੇ ਹਨ ਪਰ ਵਿਦਵਤਾ ਦੀ ਘਾਟ ਕਰਕੇ ਇਤਿਹਾਸ ਲਿਖ ਨਹੀਂ ਸਕੇ। ਤਲਵਾਰਾਂ ਦੇ ਧਨੀ ਹਨ ਪਰ ਕਲਮਾਂ ਤੋਂ ਕੋਰੇ ਸਨ। ਇਸ ਕਰਕੇ ਇਹ ਗਿਣਤੀ ਸਹੀ ਨਹੀਂ ਲਿਖੀ ਜਾ ਸਕੀ। ਉਸ ਤੋਂ ਬਾਅਦ ਜਦੋਂ ਪੰਜਾਬ ਉਪਰ ਅੰਗਰੇਜ਼ਾਂ ਦਾ ਰਾਜ ਆਇਆ ਤਾਂ ਉਨ੍ਹਾਂ ਨੇ ਲਾਹੌਰ ਦਰਬਾਰ ਦਾ ਬਾਕੀ ਰਹਿੰਦਾ ਰਿਕਾਰਡ ਵੀ ਕਾਫੀ ਗਿਣਤੀ ਵਿੱਚ ਖੁਰਦ-ਬੁਰਦ ਕੀਤਾ ਹੈ। ਇਸ ਲੜਾਈ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਅੰਗਰੇਜ਼ਾਂ ਨੂੰ ਆਪਣੇ 'ਤੇ ਮਾਣ ਸੀ ਅਤੇ ਸਿੱਖ ਸਿਪਾਹੀਆਂ ਦੀ ਲੜਨ ਸ਼ਕਤੀ ਦਾ ਅਨੁਮਾਨ ਘੱਟ ਸੀ। ਡਿੱਗਣ ਕਿਨਾਰੇ ਸਨ।

ਇੱਕ ਪਿੰਡ ਦਾ ਨਾਮ ਜੋ ਮੁੱਦਕੀ ਸੀ,
ਉਥੇ ਭਰੀ ਸੀ, ਪਾਣੀ ਦੀ ਖੱਡ ਮੀਆਂ।
ਘੋੜ ਚੜ੍ਹੇ ਨਵੇਂ ਅਕਾਲੀਏ ਜੀ,
ਝੰਡੇ ਦਿੱਤੇ ਸੀ ਜਾ ਕੇ ਗੱਡ ਮੀਆਂ।

100% HONEST ADVICE, YEARS OF EXPERIENCE (17 YRS)
PROVEN TRACK RECORD

Your Questions Our Answers

Ques: Hi, My Name is Mayank, I am a Cardiologist Technologist Practicing in India from Last 3 Years, My IELTS scores range between 7 and 6 for speaking, reading, writing, and listening. Am I eligible for Canadian immigration through the Federal Skilled Worker Program, I have done my Educational Credential from a well recognised University in US and UK, Do I still need to have them assessed again from Canada, also my diploma is not related to my 3 years of work experience. How does this affect my Application?

Ans: The new regulations for the Federal Skilled Worker (FSW) Program impose a Minimum Language Proficiency requirement of Canadian Language Benchmark (CLB) 7 in all four language skills. At the present time, the Government has not published the IELTS scores that would be considered equivalent to CLB-7 under the new FSW regulations. According to the rules currently applicable to other Federal immigration programs, an IELTS score of 6.0 is equal to CLB-7 for all four language skills. If these current standards are extended to the new FSW program and all four of your IELTS scores are 6.0 or higher, then you would meet the Minimum Language Proficiency requirements. However, you would still need to score at least 67 points, based on all six selection factors, in order to be approved.

Under the new regulations for the Federal Skilled Worker program, all foreign educational credentials will need to be assessed by a designated organization to determine equivalency in Canada.

Under the Federal Skilled Worker program you will not get points if your diploma is more than five years old and you do not have at least one year of related work experience in the last five years.

Ques: My Name is Malik, I am a Chef in India, I want to Migrate to Canada under Temporary Work Permit, My Employer in Canada Refused to Issue LMO by quoting that if it was Refused it will Effect his Ability to apply for LMOs in Future, Is it true?

Ans: A refusal of an LMO application does not prevent an employer from submitting a new LMO application. The effect a prior refusal has on the new application will depend on the reason for refusal. As a general principle, the employer will have to demonstrate that they have overcome the reason for the previous refusal in any new application, especially if the new application relates to the same occupation previously applied for.

Corporate Office:
Tel: 905-673-1200
Email: info@metroimmigration.com
2355 Derry Rd. E., #12
Mississauga ON. Canada L5S 1V6

Associate Office in India:
Tel: 011-91-181-2222245
Cell: 98148_66633

Brampton Office:
Tel: 905-794-6003

We Do not Arrange Employees for Work Permit and AEO

Drupati's
Doubles & Roti

Catering Available

Always Hot! Always Fresh!

Monday: CLOSED
Tuesday to Friday: 10am to 8pm
Saturday: 9am to 9pm
Sunday: 9am to 6pm

QUEEN ST.